# India-Australia Virtual Summit

March 17, 2022

......................

# ਭਾਰਤ-ਆਸਟ੍ਰੇਲੀਆ ਦਰਮਿਆਨ ਵਰਚੁਅਲ ਸੰਮੇਲਨ

**17 ਮਾਰਚ, 2022**

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਸਕੌਟ ਮੌਰੀਸਨ 21 ਮਾਰਚ, 2022 ਨੂੰ ਦੂਜੇ ਭਾਰਤ-ਆਸਟ੍ਰੇਲੀਆ ਵਰਚੁਅਲ ਸੰਮੇਲਨ ਵਿੱਚ ਭਾਗ ਲੈਣਗੇ। ਇਹ ਸੰਮੇਲਨ 4 ਜੂਨ, 2020 ਨੂੰ ਹੋਏ ਇਤਿਹਾਸਕ ਪਹਿਲੇ ਵਰਚੁਅਲ ਸੰਮੇਲਨ ਤੋਂ ਬਾਅਦ ਹੋ ਰਿਹਾ ਹੈ, ਜਦੋਂ ਸਬੰਧਾਂ ਦੇ ਦਰਜੇ ਨੂੰ ਵਧਾਕੇ ਵਿਆਪਕ ਰਣਨੀਤਕ ਭਾਈਵਾਲੀ ਕੀਤਾ ਗਿਆ ਸੀ।

ਆਉਣ ਵਾਲੇ ਵਰਚੁਅਲ ਸੰਮੇਲਨ ਦੌਰਾਨ ਦੋਵੇਂ ਆਗੂ ਵਿਆਪਕ ਰਣਨੀਤਕ ਭਾਈਵਾਲੀ ਤਹਿਤ ਵੱਖ-ਵੱਖ ਪਹਿਲੂਆਂ ਬਾਰੇ ਹੋਈ ਤਰੱਕੀ ਦਾ ਜਾਇਜ਼ਾ ਲੈਣਗੇ। ਇਸ ਵਰਚੁਅਲ ਸਿਖਰ ਸੰਮੇਲਨ ਨਾਲ ਭਾਰਤ ਅਤੇ ਆਸਟਰੇਲੀਆ ਦਰਮਿਆਨ ਵੱਖ-ਵੱਖ ਖੇਤਰਾਂ ਵਿੱਚ ਨਵੀਆਂ ਪਹਿਲਕਦਮੀਆਂ ਅਤੇ ਵਧੇਰੇ ਸਹਿਯੋਗ ਦਾ ਰਾਹ ਪੱਧਰਾ ਹੋਵੇਗਾ। ਦੋਵਾਂ ਆਗੂਆਂ ਦੁਆਰਾ ਵਪਾਰ, ਮਹੱਤਵਪੂਰਨ ਖਣਿਜਾਂ, ਪ੍ਰਵਾਸ ਅਤੇ ਗਤੀਸ਼ੀਲਤਾ ਅਤੇ ਸਿੱਖਿਆ ਸਮੇਤ ਹੋਰ ਖੇਤਰਾਂ ਵਿੱਚ ਨੇੜਲੇ ਸਹਿਯੋਗ ਲਈ ਸਮਝੌਤਾ ਕੀਤੇ ਜਾਣ ਦੀ ਆਸ ਹੈ।

ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ ਬਾਰੇ ਵੀ ਆਗੂ ਵਿਚਾਰ-ਵਟਾਂਦਰਾ ਕਰਨਗੇ। ਇਹ ਸਿਖਰ ਸੰਮੇਲਨ ਦੋਵਾਂ ਦੇਸ਼ਾਂ ਦੁਆਰਾ ਆਪਣੇ ਦੁਵੱਲੇ ਸਬੰਧਾਂ ਨੂੰ ਦਿੱਤੇ ਜਾਣ ਵਾਲੇ ਮਹੱਤਵ ਅਤੇ ਖੇਤਰੀ ਅਤੇ ਆਲਮੀ ਮੁੱਦਿਆਂ ਬਾਰੇ ਉਨ੍ਹਾਂ ਦੇ ਨੇੜਲੇ ਸਹਿਯੋਗ ਨੂੰ ਵੀ ਉਜਾਗਰ ਕਰਦਾ ਹੈ।

ਭਾਰਤ-ਆਸਟ੍ਰੇਲੀਆ ਵਿਆਪਕ ਰਣਨੀਤਕ ਭਾਈਵਾਲੀ ਦੀ ਤੇਜ਼ ਰਫਤਾਰ ਕਾਇਮ ਹੈ ਅਤੇ ਦੋਵੇਂ ਦੇਸ਼ਾਂ ਦਰਮਿਆਨ ਕੋਵਿਡ 19 ਦੇ ਬਾਵਜੂਦ ਵਿਗਿਆਨ ਅਤੇ ਤਕਨਾਲੋਜੀ, ਰੱਖਿਆ, ਸਾਈਬਰ, ਮਹੱਤਵਪੂਰਨ ਅਤੇ ਰਣਨੀਤਕ ਸਮੱਗਰੀ, ਜਲ ਸਰੋਤ ਪ੍ਰਬੰਧਨ, ਜਨਤਕ ਪ੍ਰਸ਼ਾਸਨ ਅਤੇ ਸ਼ਾਸਨ ਸਮੇਤ ਵਿਆਪਕ ਖੇਤਰਾਂ ਵਿੱਚ ਨੇੜਲਾ ਸਹਿਯੋਗ ਜਾਰੀ ਹੈ।

ਪ੍ਰਧਾਨ ਮੰਤਰੀ ਮੋਦੀ ਅਤੇ ਪ੍ਰਧਾਨ ਮੰਤਰੀ ਮੌਰੀਸਨ ਨੇ ਸਤੰਬਰ, 2021 ਵਿੱਚ ਕੋਵਿਡ-19 ਮਹਾਂਮਾਰੀ ਤੋਂ ਬਾਅਦ ਪਹਿਲੀ ਵਿਅਕਤੀਗਤ ਮੀਟਿੰਗ ਵਾਸ਼ਿੰਗਟਨ ਡੀਸੀ ਵਿੱਚ ਕੁਆਡ ਆਗੂਆਂ ਦੇ ਸਮਿਟ ਦੌਰਾਨ ਕੀਤੀ ਸੀ ਅਤੇ ਦੋਨਾਂ ਨੇ ਸਾਂਝੇ ਤੌਰ 'ਤੇ ਗਲਾਸਗੋ ਵਿਖੇ ਨਵੰਬਰ, 2021 ਵਿੱਚ ਹੋਈ COP26 ਦੌਰਾਨ ਲਚਕੀਲੇ ਟਾਪੂ ਰਾਜਾਂ (IRIS) ਲਈ ਬੁਨਿਆਦੀ ਢਾਂਚੇ ਦੀ ਸ਼ੁਰੂਆਤ ਕੀਤੀ ਸੀ।

ਨਵੀਂ ਦਿੱਲੀ
17 ਮਾਰਚ, 2022

DISCLAIMER: This is an approximate translation. The original is available in English on MEA's website and may be referred to as the official press release.